# ਵਿੱਤੀ ਸਾਲ 2021-22 ਵਿੱਚ ਭਾਰਤੀ ਬਾਸਮਤੀ ਚੌਲਾਂ ਦਾ ਨਿਰਯਾਤ ਮੁੱਲ 11.5% ਡਿੱਗਿਆ, ਮਾਤਰਾ 14.76% ਘਟੀ

ਕੋਲਕਾਤਾ ਸਥਿਤ ਵਪਾਰਕ ਜਾਣਕਾਰੀ ਅਤੇ ਅੰਕੜਾ ਡਾਇਰੈਕਟੋਰੇਟ ਜਨਰਲ (ਡੀ ਜੀ ਸੀ ਆਈ ਐਸ) ਵੱਲੋਂ ਤਿਆਰ ਕੀਤੇ ਅੰਕੜਿਆਂ ਮੁਤਾਬਿਕ, ਵਿੱਤੀ ਸਾਲ 2021-22 (ਅਪ੍ਰੈਲ-ਮਾਰਚ) ਵਿੱਚ ਭਾਰਤ ਦੇ ਬਾਸਮਤੀ ਚੌਲਾਂ ਦੀ ਬਰਾਮਦ ਪਿਛਲੇ ਵਿੱਤੀ ਸਾਲ ਦੇ ਮੁਕਾਬਲੇ ਕੀਮਤ ਵਿੱਚ 11.51% ਘਟੀ। ਡੀ ਜੀ ਸੀ ਆਈ ਐਸ ਦੇ ਅੰਕੜਿਆਂ ਅਨੁਸਾਰ, 2020-21 ਵਿੱਤੀ ਸਾਲ ਦੇ ਮੁਕਾਬਲੇ 2021-22 ਵਿੱਚ ਭਾਰਤ ਦੇ ਬਾਸਮਤੀ ਚੌਲਾਂ ਦੀ ਬਰਾਮਦ ਵਿੱਚ 3,434.23 ਕਰੋੜ ਰੁਪਏ ਦੀ ਕਮੀ ਆਈ ਹੈ।

ਏਥੋਂ ਤੱਕ ਕਿ ਮਹਿਕਦਾਰ, ਲੰਮੇ-ਦਾਣੇ ਵਾਲੇ ਚੌਲਾਂ ਦੀ ਕੁੱਲ ਨਿਰਯਾਤ ਮਾਤਰਾ ਵਿੱਚ ਪਿਛਲੇ ਵਿੱਤੀ ਸਾਲ ਦੇ ਮੁਕਾਬਲੇ 2021-22 ਵਿੱਚ ਲਗਭਗ 6.83 ਲੱਖ ਮੀਟ੍ਰਿਕ ਟਨ (14.76%) ਦੀ ਕਮੀ ਆਈ ਹੈ।

ਡੀ ਜੀ ਸੀ ਆਈ ਐਸ ਦੇ ਅੰਕੜਿਆਂ ਦੇ ਮੁਤਾਬਿਕ, ਭਾਰਤ ਨੇ 2021-22 ਵਿੱਚ ਲਗਭਗ 39.47 ਲੱਖ ਮੀਟ੍ਰਿਕ ਟਨ ਬਾਸਮਤੀ ਚੌਲਾਂ ਦਾ ਨਿਰਯਾਤ ਕੀਤਾ ਜਿਸਦਾ ਮੁੱਲ ਸੀ 26,415.16 ਕਰੋੜ ਰੁਪਏ ਜਦੋਂ ਕਿ ਇਸ ਤੋਂ ਪਿਛਲੇ ਮਾਲੀ ਸਾਲ ਵਿੱਚ ਦੇਸ਼ ਨੇ 29,849.39 ਕਰੋੜ ਰੁਪਏ ਦੀ ਕੀਮਤ ਨਾਲ ਕਰੀਬ 46.31 ਲੱਖ ਮੀਟ੍ਰਿਕ ਟਨ ਜਿਣਸ ਵੇਚੀ ਸੀ। 2019-20 ਮਾਲੀ ਸਾਲ ਦੌਰਾਨ ਭਾਰਤ ਦਾ ਬਾਸਮਤੀ ਚੌਲਾਂ ਦਾ ਨਿਰਯਾਤ 44.54 ਲੱਖ ਮੀਟ੍ਰਿਕ ਟਨ ਸੀ, ਜਿਸਦੀ ਕੀਮਤ 31,025.91 ਕਰੋੜ ਰੁਪਏ ਸੀ।

2021-22 ਵਿੱਚ ਭਾਰਤੀ ਬਾਸਮਤੀ ਚੌਲਾਂ ਦੇ 10 ਸਭ ਤੋਂ ਵੱਡੇ ਆਯਾਤ ਕਰਨ ਵਾਲੇ ਦੇਸ਼ਾਂ ਵਿੱਚ ਈਰਾਨ, ਸਊਦੀ ਅਰਬ, ਇਰਾਕ, ਸੰਯੁਕਤ ਅਰਬ ਅਮੀਰਾਤ (ਯੂ ਏ ਈ), ਯਮਨ, ਸੰਯੁਕਤ ਰਾਜ ਅਮਰੀਕਾ, ਕੁਵੈਤ, ਬਰਤਾਨੀਆ, ਕਤਰ ਅਤੇ ਓਮਾਨ ਸ਼ਾਮਿਲ ਹਨ। ਡੀ ਜੀ ਸੀ ਆਈ ਐਸ ਦੇ ਅੰਕੜਿਆਂ ਅਨੁਸਾਰ, ਭਾਰਤ ਨੇ 2021-22 ਦੌਰਾਨ 153 ਦੇਸ਼ਾਂ ਨੂੰ ਬਾਸਮਤੀ ਚੌਲਾਂ ਦਾ ਨਿਰਯਾਤ ਕੀਤਾ ਸੀ।

ਈਰਾਨ ਸਭ ਤੋਂ ਵੱਡਾ ਆਯਾਤ ਕਰਨ ਵਾਲਾ ਦੇਸ਼ ਬਣ ਕੇ ਉਭਰਿਆ, ਜਿਸ ਨੇ 6,111.14 ਕਰੋੜ ਰੁਪਏ ਦੀ ਕੀਮਤ ਨਾਲ 9.98 ਲੱਖ ਮੀਟ੍ਰਿਕ ਟਨ ਭਾਰਤੀ ਬਾਸਮਤੀ ਚੌਲ ਖਰੀਦੇ, ਜਿਸ ਵਿੱਚ ਮਾਤਰਾ ਅਤੇ ਮੁੱਲ ਵਿੱਚ ਕ੍ਰਮਵਾਰ

33.53% ਅਤੇ 39.35% ਦਾ ਵਾਧਾ ਦਰਜ ਕੀਤਾ ਗਿਆ। ਸੰਯੁਕਤ ਅਰਬ ਅਮੀਰਾਤ (ਯੂ ਏ ਈ) ਨੂੰ ਵੀ ਬਰਾਮਦ ਮਾਤਰਾ ਵਿੱਚ 27,448 ਮੀਟ੍ਰਿਕ ਟਨ (11.98%) ਅਤੇ ਕੀਮਤ ਵਿੱਚ 126 ਕਰੋੜ ਰੁਪਏ (8.32%) ਵਧੀ।

ਦੂਜੇ ਪਾਸੇ, ਸਊਦੀ ਅਰਬ ਵੱਲੋਂ ਭਾਰਤੀ ਬਾਸਮਤੀ ਚੌਲਾਂ ਦੀ ਦਰਾਮਦ ਮਾਤਰਾ ਅਤੇ ਮੁੱਲ ਵਿੱਚ ਕ੍ਰਮਵਾਰ ਕਰੀਬ 3.60 ਲੱਖ ਮੀਟ੍ਰਿਕ ਟਨ (-34.8%) ਅਤੇ 2,234.46 ਕਰੋੜ ਰੁਪਏ (-31.65%) ਦੀ ਗਿਰਾਵਟ ਦਰਜ ਕੀਤੀ ਗਈ। ਇਰਾਕ ਦੇ ਆਯਾਤ ਵਿੱਚ ਵੀ ਕਾਫੀ ਗਿਰਾਵਟ ਆਈ ਜਿਹੜੀ ਕਿ ਮਾਤਰਾ ਅਤੇ ਕੀਮਤ ਵਿੱਚ ਕ੍ਰਮਵਾਰ 1.59 ਲੱਖ ਮੀਟ੍ਰਿਕ ਟਨ (-24.71%) ਅਤੇ 722 ਕਰੋੜ ਰੁਪਏ (-19.49%) ਸੀ।

**ਭਾਰਤ ਦਾ ਬਾਸਮਤੀ ਚੌਲਾਂ ਦਾ ਨਿਰਯਾਤ**

| ਮਾਲੀ ਸਾਲ (ਅਪ੍ਰੈਲ-ਮਾਰਚ) | 2021-22 | | 2020-21 | | ਅੰਤਰ | | ਵਾਧੇ ਵਿੱਚ ਫ਼ਰਕ (%) | |
|---|---|---|---|---|---|---|---|---|
| ਚੋਟੀ ਦੇ 10 ਦੇਸ਼ | ਮਾਤਰਾ (ਮੀਟ੍ਰਿਕ ਟਨ) | ਮੁੱਲ (ਕਰੋੜ ਰੁਪਏ) | ਮਾਤਰਾ (ਮੀਟ੍ਰਿਕ ਟਨ) | ਮੁੱਲ (ਕਰੋੜ ਰੁਪਏ) | ਮਾਤਰਾ (ਮੀਟ੍ਰਿਕ ਟਨ) | ਮੁੱਲ (ਕਰੋੜ ਰੁਪਏ) | ਮਾਤਰਾ | ਮੁੱਲ |
| ਇਰਾਨ | 998,046 | 6,111.14 | 747,459 | 4,385.50 | 250,587 | 1,725.64 | 33.53 | 39.35 |
| ਸਊਦੀ ਅਰਬ | 674,850 | 4,824.57 | 1,035,025 | 7,059.03 | -360,175 | -2,234.46 | -34.80 | -31.65 |
| ਇਰਾਕ | 486,299 | 2,985.87 | 645,896 | 3,708.72 | -159,597 | -722.85 | -24.71 | -19.49 |
| ਸੰਯੁਕਤ ਅਰਬ ਅਮੀਰਾਤ | 256,962 | 1,647.23 | 229,474 | 1,520.75 | 27,488 | 126.48 | 11.98 | 8.32 |
| ਯਮਨ | 205,950 | 1,372.67 | 336,090 | 2,067.82 | -130,140 | -695.15 | -38.72 | -33.62 |
| ਸੰਯੁਕਤ ਰਾਜ ਅਮਰੀਕਾ | 161,005 | 1,371.62 | 180,862 | 1,448.73 | -19,857 | -77.11 | -10.98 | -5.32 |
| ਕੁਵੈਤ | 147,484 | 961.25 | 176,051 | 1,249.57 | -28,567 | -288.32 | -16.23 | -23.07 |
| ਬਰਤਾਨੀਆ | 131,322 | 883.92 | 170,705 | 1,037.54 | -39,383 | -153.62 | -23.07 | -14.81 |
| ਓਮਾਨ | 77,468 | 546.91 | 99,766 | 658.79 | -22,298 | -111.88 | -22.35 | -16.98 |
| ਕਤਰ | 71,740 | 478.33 | 110,852 | 717.76 | -39,112 | -239.43 | -35.28 | -33.36 |
| **ਕੁੱਲ** | **3,947,973** | **26,415.16** | **4,631,530** | **29,849.39** | **-683,557** | **-3,434.23** | **-14.76** | **-11.51** |

**ਸ੍ਰੋਤ:** ਵਪਾਰਕ ਜਾਣਕਾਰੀ ਅਤੇ ਅੰਕੜਾ ਡਾਇਰੈਕਟੋਰੇਟ ਜਨਰਲ (ਡੀ ਜੀ ਸੀ ਆਈ ਐੱਸ)